# ਸਾਨੂੰ ਤੁਹਾਡੀ ਸੁਰੱਖਿਆ ਦੀ ਪ੍ਰਵਾਹ ਹੈ !

**ਸਰੀ ਫਾਇਰ ਸਰਵਿਸਜ਼ ਨੇ ਘਰੇਲੂ ਅੱਗਾਂ ਨੂੰ ਘੱਟ ਕਰਨ ਲਈ 2008 ਵਿੱਚ ਹੋਮਸੇਫ ਪ੍ਰੋਗਰਾਮ ਸ਼ੁਰੂ ਕੀਤਾ ਸੀ। ਉਦੋਂ ਤੋਂ ਲੈ ਕੇ ਹੋਮਸੇਫ ਸਦਕਾ ਅੱਗਾਂ ਅਤੇ ਅੱਗਾਂ ਦੇ ਨੁਕਸਾਨਾਂ ਵਿੱਚ ਵੱਡੀ ਕਮੀ ਆਈ ਹੈ ਅਤੇ ਹੋਮਸੇਫ ਨੂੰ ਇੱਕ ਪ੍ਰਤਿਸ਼ਠਿਤ ਅੰਤਰਰਾਸ਼ਟਰੀ ਇਨਾਮ ਮਿਲਿਆ ਹੈ।**

## ਹੋਮਸੇਫ ਕਿਵੇਂ ਕੰਮ ਕਰਦਾ ਹੈ

ਅਸੀਂ ਸਰੀ ਵਿੱਚ ਅੱਗਾਂ ਦੀ ਸਭ ਤੋਂ ਵੱਧ ਦਰ ਵਾਲੇ ਇਲਾਕਿਆਂ 'ਤੇ ਕੇਂਦਰਿਤ ਕਰਕੇ ਉਹਨਾਂ ਨੂੰ ਇਸ ਤਰਾਂ ਸੁਰੱਖਿਆ ਬਣਾਉਂਦੇ ਹਾਂ:

- ਮੁਫਤ ਸਮੋਕ ਅਲਾਰਮ ਦੇਣੇ ਜਾਂ ਲਗਾਉਣੇ
- ਅੱਗ ਤੋਂ ਸੁਰੱਖਿਆ ਬਾਰੇ ਜਾਣਕਾਰੀ ਦੇਣੀ
- ਅੱਗ ਦੇ ਸੰਭਾਵੀ ਖਤਰਿਆਂ ਦਾ ਪਤਾ ਲਗਾਉਣ ਲਈ ਮੁਫਤ ਦੌਰਾ ਕਰਨਾ

## ਹੋਮਸੇਫ ਦੇ ਦੌਰੇ ਸਮੇਂ ਕੀ ਹੁੰਦਾ ਹੈ

- ਇੱਕ ਫਾਇਰ ਫਾਈਟਰ ਜਾਂ ਹੋਮਸੇਫ ਵਲੰਟੀਅਰ ਅੱਗ ਦੇ ਖਤਰਿਆਂ ਦਾ ਪਤਾ ਲਗਾਵੇਗਾ ਜਿਵੇਂ ਕਿ ਸਮੋਕ ਅਲਾਰਮ ਦਾ ਕੰਮ ਨਾ ਕਰਨਾ, ਐਕਸਟੈਨਸ਼ਨ ਤਾਰਾਂ ਦੀ ਗਲਤ ਵਰਤੋਂ, ਹੀਟਿੰਗ ਯੰਤਰਾਂ ਜਾਂ ਮੋਮਬੱਤੀਆਂ ਦਾ ਅੱਗ ਲੱਗਣ ਵਾਲੀਆਂ ਚੀਜ਼ਾਂ ਦੇ ਜ਼ਿਆਦਾ ਨੇੜੇ ਹੋਣਾ ਅਤੇ ਖਾਣਾ ਬਣਾਉਣ ਅਤੇ ਸਿਗਰਟਨੋਸ਼ੀ ਦੇ ਪ੍ਰਤੱਖ ਖਤਰੇ।
- ਮੌਜੂਦਾ ਸਮੋਕ ਅਲਾਰਮ ਚੈੱਕ ਕੀਤੇ ਜਾਣਗੇ ਅਤੇ ਜੇ ਲੋੜ ਹੋਈ ਤਾਂ ਬੈਟਰੀ ਨਾਲ ਚੱਲਣ ਵਾਲਾ ਅਲਾਰਮ ਮੁਫਤ ਲਾਇਆ ਜਾਵੇਗਾ।
- ਵਸਨੀਕਾਂ ਨੂੰ ਸਿਖਿਆਦਾਇਕ ਸਮੱਗਰੀ ਅਤੇ ਸਿਫਾਰਸ਼ਾਂ ਦੀ ਚੈੱਕ-ਲਿਸਟ ਦਿੱਤੀ ਜਾਵੇਗੀ। ਇਹ ਕੇਵਲ ਸੁਝਾਅ ਹਨ ਅਤੇ ਇਹਨਾਂ ਨੂੰ ਨਾ ਤਾਂ ਲਾਗੂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਖਰਚ ਦੇਣਾ ਪਵੇਗਾ।

**ਹੋਮਸੇਫ ਦੀ ਵਿਜ਼ਟ ਗੁਪਤ ਅਤੇ ਮੁਫਤ ਹੁੰਦੀ ਹੈ। ਆਪਣੀ ਵਿਜ਼ਟ ਬੁੱਕ ਕਰਾਉਣ ਲਈ ਪਿਛਲੀ ਡੱਬੀ ਤੇ ਜਾਓ।**



## ਕੀ ਤੁਹਾਡਾ ਘਰ ਸੁਰੱਖਿਆ ਹੈ?

ਘਰਾਂ ਨੂੰ ਅੱਜ-ਕੱਲ੍ਹ ਪਹਿਲਾਂ ਨਾਲੋਂ ਛੇਤੀ ਅੱਗ ਲੱਗਦੀ ਹੈ। ਜੇ ਤੁਹਾਡੇ ਘਰ ਨੂੰ ਅੱਗ ਲੱਗ ਜਾਵੇ ਤਾਂ ਤੁਹਾਡੇ ਕੋਲ ਸੁਰੱਖਿਅਤ ਬਾਹਰ ਜਾਣ ਲਈ ਕੁੱਝ ਮਿੰਟ ਹੀ ਹਨ।

homesafe
fire safety and prevention
SURREY FIRE SERVICES

**ਹਰ ਸੈਕੰਡ ਮਹੱਤਵਪੂਰਣ ਹੈ। ਕੰਮ ਕਰਦੇ ਸਮੋਕ ਅਲਾਰਮ ਨਾਲ ਬਹੁਤ ਫਰਕ ਪੈ ਸਕਦਾ ਹੈ।**

ਹੋਮਸੇਫ ਸਰੀ ਫਾਇਰ ਸਰਵਿਸਜ਼ ਦਾ ਇੱਕ ਪ੍ਰੋਗਰਾਮ ਹੈ ਜਿਹੜਾ ਮੁਫਤ ਸਮੋਕ ਅਲਾਰਮ ਲਗਾਉਂਦਾ ਹੈ ਅਤੇ ਅੱਗਾਂ ਦੀ ਜ਼ਿਆਦਾ ਦਰ ਵਾਲੇ ਇਲਾਕਿਆਂ ਵਿੱਚ ਘਰੇਲੂ ਅੱਗਾਂ ਦੇ ਖਤਰਿਆਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਫਾਇਰ ਫਾਈਟਰ ਅਤੇ ਵਲੰਟੀਅਰ ਇਸ ਪ੍ਰੋਗਰਾਮ ਨੂੰ ਚਲਾਉਂਦੇ ਹਨ।

CITY OF SURREY FIRE SERVICES

Surrey Fire Fighters Charitable Society

**ਮੁਫਤ ਅਲਾਰਮ ਲਵੋ– ਵੇਰਵੇ ਅੰਦਰ ਹਨ**

**ਮੁਫਤ ਸਮੋਕ ਅਲਾਰਮ ਲੈਣ ਲਈ (ਲਗਾਉਣਾ ਇੱਛਾ ਅਨੁਸਾਰ) ਅਤੇ/ਜਾਂ ਹੋਮਸੇਫ ਦੇ ਗੁਪਤ ਦੌਰੇ ਲਈ ਅੱਜ ਹੀ ਬੇਨਤੀ ਕਰੋ:**

ਜਾਣਕਾਰੀ ਤੇ ਔਨਲਾਈਨ ਫਾਰਮ: surrey.ca/homesafe

ਫੋਨ: 604-543-6780

## ਜਿਉਂਦੇ ਬਾਹਰ ਨਿਕਲਣ ਲਈ ਤੁਹਾਡੇ ਕੋਲ ਕੇਵਲ ਕੁੱਝ ਮਿੰਟ ਹਨ



## ਕੰਮ ਕਰਦੇ ਸਮੋਕ ਅਲਾਰਮ ਜ਼ਿੰਦਗੀਆਂ ਬਚਾਉਂਦੇ ਹਨ

homesafe
fire safety and prevention
SURREY FIRE SERVICES

ਹੈ। ਆਪਣੀ ਵਿਜ਼ਟ ਬੁੱਕ ਕਰਾਉਣ ਲਈ ਪਿਛਲੀ

# ਕੰਮ ਕਰਦੇ ਸਮੋਕ ਅਲਾਰਮ ਨਾਲ ਤੁਹਾਡੀ ਜ਼ਿੰਦਗੀ ਬਚ ਸਕਦੀ ਹੈ

## ਇਹ ਤੱਥ ਹੈ– ਸਮੋਕ ਅਲਾਰਮ ਜ਼ਿੰਦਗੀ ਬਚਾਉਂਦੇ ਹਨ, ਪਰ ਕੇਵਲ ਤਾਂ ਜੇ ਇਹ ਕੰਮ ਕਰਦੇ ਹੋਣ

**ਇਹਨਾਂ ਗੱਲਾਂ ਵੱਲ ਧਿਆਨ ਦੇ ਕੇ ਤੁਸੀਂ ਯਕੀਨੀ ਬਣਾ ਸਕਦੇ ਹੋ ਕਿ ਲੋੜ ਪੈਣ ਤੇ ਤੁਹਾਡਾ ਸਮੋਕ ਅਲਾਰਮ ਕੰਮ ਕਰਦਾ ਹੋਵੇ।**

- ਸਮੋਕ ਅਲਾਰਮ ਸਦਾ ਲਈ ਨਹੀਂ ਹੁੰਦੇ। ਉਹਨਾਂ ਨੂੰ ਹਰ 10 ਸਾਲਾਂ ਬਾਅਦ ਬਦਲੋ, ਭਾਵੇਂ ਉਹ ਹਾਰਡ-ਵਾਇਰਡ ਹੋਣ ਜਾਂ ਬੈਟਰੀ ਨਾਲ ਚੱਲਣ ਵਾਲੇ।
- ਸਮੋਕ ਅਲਾਰਮਾਂ ਨੂੰ ਹਰ ਮਹੀਨੇ ਟੈਸਟ ਕਰੋ। ਟੈਸਟ ਬਟਨ ਨੂੰ ਬਰੂਮ ਦੇ ਹੈਂਡਲ ਜਾਂ ਸੋਟੀ ਨਾਲ ਧੱਕੋ।ਜੇ ਇਹ ਚੱਲਦਾ ਹੋਇਆ ਤਾਂ ਇਹ ਤੁਰੰਤ ਵੱਜਣ ਲੱਗ ਪਵੇਗਾ।
- ਬੈਟਰੀਆਂ ਨੂੰ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਬਦਲੋ।
- ਜੇ ਅਲਾਰਮ ਤੇ ਮਿੱਟੀ ਪਈ ਹੋਵੇ ਤਾਂ ਇਸਨੂੰ ਵੈਕੂਅਮ ਕਰੋ ਜਾਂ ਝਾੜੋ।
- ਤੁਹਾਡੀਆਂ ਸੌਣ ਵਾਲੀਆਂ ਸਾਰੀਆਂ ਥਾਵਾਂ ਦੇ ਬਾਹਰ ਸਮੋਕ ਅਲਾਰਮ ਹੋਣਾ ਚਾਹੀਦਾ ਹੈ।ਇਹ ਕਾਨੂੰਨ ਹੈ। ਜੇ ਤੁਹਾਡੇ ਕਿਰਾਏ ਦੇ ਘਰ ਵਿੱਚ ਅਲਾਰਮ ਕੰਮ ਨਹੀਂ ਕਰਦੇ ਤਾਂ ਮਾਲਕ ਮਕਾਨ ਨੂੰ ਇਹ ਕਿਤਾਬਚਾ ਦਿਖਾਓ ਜਾਂ ਉਸਨੂੰ 604-543-6780 ਤੇ ਫੋਨ ਕਰਕੇ ਪੁੱਛਣ ਲਈ ਕਹੋ।

**ਜੇ ਸਮੋਕ ਅਲਾਰਮ ਕੰਮ ਕਰਦਾ ਹੋਵੇ ਤਾਂ ਅੱਗ ਨਾਲ ਮੌਤ ਦੀ ਦਰ 74% ਤੱਕ ਘੱਟ ਜਾਂਦੀ ਹੈ।**

# ਕੀ ਤੁਹਾਨੂੰ ਖਤਰਾ ਵਧੇਰੇ ਹੈ?

ਇਹਨਾਂ ਘਰਾਂ 'ਚ ਅੱਗ ਨਾਲ ਮੌਤ ਜਾਂ ਜ਼ਖ਼ਮੀ ਹੋਣ ਦਾ ਖਤਰਾ ਵੱਧ ਹੈ:

- **ਜਿੱਥੇ ਸਮੋਕ ਅਲਾਰਮ ਕੰਮ ਨਹੀਂ ਕਰਦਾ**

# ਸਭ ਤੋਂ ਵੱਡਾ ਖਤਰਾ: ਕੁਕਿੰਗ

**ਅੱਧੀਆਂ ਤੋਂ ਵੱਧ** ਰਿਹਾਇਸ਼ੀ ਅੱਗਾਂ ਖਾਣਾ ਪਕਾਉਣ ਨਾਲ ਲੱਗਦੀਆਂ ਹਨ– ਜ਼ਿਆਦਾ ਕਰਕੇ ਖਾਣਾ ਪਕਾਉਂਦੇ ਸਮੇਂ ਧਿਆਨ ਨਾ ਦੇਣ ਜਾਂ ਤੇਲ ਆਦਿ ਨੂੰ ਅੱਗ ਲੱਗਣ ਨਾਲ।

ਖਤਰੇ ਨੂੰ ਘੱਟ ਕਰਨ ਲਈ ਯਕੀਨੀ ਬਣਾਓ ਕਿ ਤੁਹਾਡੇ ਘਰ ਖਾਣਾ ਬਣਾਉਣ ਵਾਲਾ ਇਹਨਾਂ ਗੱਲਾਂ ਦਾ ਧਿਆਨ ਰੱਖੇ।

- ਖੁੱਲ੍ਹੇ ਬਰਤਨਾਂ ਵਿੱਚ ਖਾਣਾ ਬਣਾਉਂਦੇ ਸਮੇਂ ਰਸੋਈ ਵਿੱਚ ਰਹੋ।
- ਜੇ ਤੁਹਾਨੂੰ ਕੁਝ ਮਿੰਟਾਂ ਤੋਂ ਜ਼ਿਆਦਾ ਸਮੇਂ ਲਈ ਕਮਰੇ ਤੋਂ ਬਾਹਰ ਜਾਣਾ ਪਵੇ ਤਾਂ ਸਟੋਵ ਬੰਦ ਕਰ ਦੇਵੋ।
- ਖਾਣੇ ਨੂੰ ਸਮੇਂ ਸਮੇਂ ਚੈੱਕ ਕਰੋ ਅਤੇ ਇਹ ਯਾਦ ਰੱਖਣ ਲਈ ਕਿ ਖਾਣਾ ਪੱਕ ਗਿਆ ਹੈ, ਟਾਈਮਰ ਦੀ ਵਰਤੋਂ ਕਰੋ।
- ਖਾਣਾ ਪਕਾਉਣ ਵਾਲੀ ਥਾਂ ਸਾਫ ਅਤੇ ਤੇਲ ਤੋਂ ਰਹਿਤ ਰੱਖੋ।
- ਅੱਗ ਫੜਨ ਵਾਲੀਆਂ ਚੀਜ਼ਾਂ- ਤੌਲੀਏ, ਕਾਗਜ਼, ਪੈਕੇਜਿੰਗ ਆਦਿ - ਨੂੰ ਅੱਗ ਤੋਂ ਦੂਰ ਰੱਖੋ।
- ਤੇਲ ਦੀ ਅੱਗ ਤੇ ਕਦੇ ਵੀ ਪਾਣੀ ਨਾ ਪਾਓ। ਇਸ ਨੂੰ ਢੱਕ ਕੇ ਬੁਝਾਓ।



homesafe
fire safety and prevention
SURREY FIRE SERVICES

surrey.ca/homesafe

**ਸਰੀ ਵਿੱਚ ਸਭ ਤੋਂ ਜ਼ਿਆਦਾ ਅੱਗਾਂ ਸਿੰਗਲ-ਫੈਮਿਲੀ ਘਰਾਂ ਵਿੱਚ ਲੱਗਦੀਆਂ ਹਨ।ਸਰੀ ਵਿੱਚ ਦੋ ਤਿਹਾਈ ਤੋਂ ਜ਼ਿਆਦਾ ਇਮਾਰਤੀ ਅੱਗਾਂ ਲੋਕਾਂ ਦੇ ਘਰਾਂ ਵਿੱਚ ਲੱਗਦੀਆਂ ਹਨ।**